# ਗੈਰ-ਵਿਤਕਰੇ ਦਾ ਨੋਟਿਸ

Washington State Board of Health (ਵਾਸ਼ਿੰਗਟਨ ਸਟੇਟ ਬੋਰਡ ਆਫ਼ ਹੈਲਥ) (ਬੋਰਡ) ਗੈਰ-ਵਿਤਕਰੇ ਲਈ ਬਣੇ ਫੈਡਰਲ ਅਤੇ ਰਾਜ ਦੇ ਨਾਗਰਿਕ ਅਧਿਕਾਰ ਕਾਨੂੰਨਾਂ ਦੀ ਪਾਲਣਾ ਕਰਦਾ ਹੈ। ਅਸੀਂ ਨਸਲ, ਰੰਗ, ਸੰਪਰਦਾਇ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ, ਉਮਰ, ਅਪਾਹਜਤਾ, ਲਿੰਗ, ਲਿੰਗ ਪ੍ਰਗਟਾਵੇ ਅਤੇ ਪਛਾਣ, ਜਿਨਸੀ ਝੁਕਾਅ, ਵਿਆਹੁਤਾ ਸਥਿਤੀ, ਪਰਿਵਾਰਕ ਸਥਿਤੀ, ਧਰਮ, ਸਨਮਾਨਤ ਤੌਰ 'ਤੇ ਸੇਵਾਮੁਕਤ ਸਾਬਕਾ ਫ਼ੌਜੀ ਜਾਂ ਫੌਜੀ ਸਟੇਟਸ, ਜਾਂ ਕਿਸੇ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਡੌਗ ਜਾਂ ਸਰਵਿਸ ਐਨੀਮਲ ਦੀ ਵਰਤੋਂ, ਦੇ ਅਧਾਰ 'ਤੇ ਲੋਕਾਂ ਨਾਲ ਵਿਤਕਰਾ ਜਾਂ ਉਹਨਾਂ ਨੂੰ ਬਾਹਰ ਨਹੀਂ ਰੱਖਦੇ ਹਾਂ।

# ਸਹੂਲਤਾਂ

ਤੁਸੀਂ ਸਾਡੇ ਪ੍ਰੋਗਰਾਮਾਂ, ਸੇਵਾਵਾਂ, ਮੀਟਿੰਗਾਂ ਅਤੇ ਗਤੀਵਿਧੀਆਂ ਤੱਕ ਢੁਕਵੀਂ ਐਕਸੈੱਸ ਲਈ ਬੇਨਤੀ ਕਰ ਸਕਦੇ ਹੋ। Washington State Board of Health (ਬੋਰਡ):

- ਅਪਾਹਜਤਾ ਦੇ ਸ਼ਿਕਾਰ ਲੋਕਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਵਿੱਚ ਸਾਡੀ ਮਦਦ ਕਰਨ ਲਈ ਮੁਫ਼ਤ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਵੇਂ ਕਿ:
    - ਯੋਗਤਾ ਪ੍ਰਾਪਤ ਸੈਨਤ ਭਾਸ਼ਾ ਦੇ ਦੁਭਾਸ਼ੀਏ
    - ਹੋਰ ਫਾਰਮੈਟਾਂ ਵਿੱਚ ਲਿਖਤੀ ਜਾਣਕਾਰੀ (ਵੱਡਾ ਪ੍ਰਿੰਟ, ਆਡੀਓ, ਆਸਾਨ ਇਲੈਕਟ੍ਰਾਨਿਕ ਫਾਰਮੈਟ, ਹੋਰ ਫਾਰਮੈਟ)
- ਉਹਨਾਂ ਲੋਕਾਂ ਨੂੰ ਮੁਫ਼ਤ ਭਾਸ਼ਾ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਹਨਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ, ਜਿਵੇਂ ਕਿ:
    - ਯੋਗਤਾ ਪ੍ਰਾਪਤ ਦੁਭਾਸ਼ੀਏ
    - ਤੁਹਾਡੀ ਭਾਸ਼ਾ ਵਿੱਚ ਲਿਖਤੀ ਜਾਣਕਾਰੀ

ਜੇਕਰ ਤੁਹਾਨੂੰ ਇਹ ਸੇਵਾਵਾਂ ਚਾਹੀਦੀਆਂ ਹਨ, ਤਾਂ (360)-236-4110 'ਤੇ ਕਾਲ ਕਰੋ ਜਾਂ wsboh@sboh.wa.gov 'ਤੇ ਈਮੇਲ ਕਰੋ।

# ਸਹੂਲਤਾਂ ਅਤੇ Americans with Disabilities Act (ADA)

ਵਾਸ਼ਿੰਗਟਨ ਸਟੇਟ ਬੋਰਡ ਆਫ਼ ਹੈਲਥ (ਬੋਰਡ) ਅਪਾਹਜਤਾ ਦੇ ਸ਼ਿਕਾਰ ਲੋਕਾਂ ਨੂੰ ਜਾਣਕਾਰੀ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਅਸੀਂ ਯੋਗਤਾ ਦੀ ਪਰਵਾਹ ਕੀਤੇ ਬਿਨਾਂ, ਰਾਜ ਅਤੇ ਫੈਡਰਲ ਦੇ ਸਾਰੇ ਸੰਬੰਧਿਤ ਕਾਨੂੰਨਾਂ ਦੇ ਤਹਿਤ, ਵਾਜਬ ਸਹੂਲਤਾਂ ਪ੍ਰਦਾਨ ਕਰਦੇ ਹਾਂ, ਅਤੇ ਹਰ ਵਿਅਕਤੀ ਲਈ ਸਾਡੀਆਂ ਸਾਰੀਆਂ ਮੀਟਿੰਗਾਂ, ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨੂੰ ਐਕਸੈੱਸ ਕਰਨਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ।

ਸਾਡੀ ਏਜੰਸੀ, ਵੈੱਬਸਾਈਟ, ਅਤੇ ਆਨਲਾਈਨ ਸੇਵਾਵਾਂ Americans with Disabilities Act (ADA, ਅਮਰੀਕੀ ਅਪੰਗਤਾ ਐਕਟ) ਦੀਆਂ ਮਿਆਰਾਂ, Rehabilitation Act of 1973 (1973 ਪੁਨਰਵਾਸ ਐਕਟ) ਦੀ ਧਾਰਾ 508, Washington State Policy 188 (ਵਾਸ਼ਿੰਗਟਨ ਸਟੇਟ ਨੀਤੀ 188), ਅਤੇ Web Content Accessibility Guidelines (WCAG, ਵੈੱਬ ਕੰਟੈਂਟ ਐਕਸੈਸਬਿਲਿਟੀ ਗਾਈਡਲਾਈਨਸ) 2.0, ਲੈਵਲ AA ਦੀ ਪਾਲਣਾ ਕਰਦੀਆਂ ਹਨ। ਅਸੀਂ ਸਮੇਂ-ਸਮੇਂ ਜਾਂਚ ਕਰਦੇ ਹਾਂ ਕਿ ਨਿਯਮਾਂ ਦੀ ਪਾਲਣਾ ਹੋ ਰਹੀ ਹੋਵੇ ਅਤੇ ਜੇਕਰ ਸਾਡੇ ਵਰਤੋਂਕਾਰਾਂ ਨੂੰ ਵਾਧੂ ਸਹਾਇਤਾ ਦੀ ਲੋੜ ਹੈ ਤਾਂ ਉਹਨਾਂ ਨੂੰ ਬੇਨਤੀ ਦਰਜ ਕਰਨ ਜਾਂ ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਲਈ ਸਾਨੂੰ ਸਮੱਸਿਆਵਾਂ ਬਾਰੇ ਸੂਚਿਤ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਅਸੀਂ ਅਪਾਹਜਤਾ ਦੇ ਸ਼ਿਕਾਰ ਲੋਕਾਂ ਸਮੇਤ ਸਾਡੀ ਏਜੰਸੀ ਦੀ ਵੈੱਬਸਾਈਟ 'ਤੇ ਆਉਣ ਵਾਲੇ ਹਰ ਵਿਅਕਤੀ ਨੂੰ ਐਕਸੈੱਸ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਜੇਕਰ ਤੁਸੀਂ ਅਪਾਹਜਤਾ ਦੇ ਕਾਰਨ ਸਾਡੀ ਵੈੱਬਸਾਈਟ 'ਤੇ ਮੌਜੂਦ ਸਮੱਗਰੀ ਨੂੰ ਐਕਸੈੱਸ ਨਹੀਂ ਕਰ ਪਾ ਰਹੇ ਹੋ, ਸਮੱਗਰੀ ਦੀ ਪਹੁੰਚਯੋਗਤਾ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਇਸ ਵੈੱਬਸਾਈਟ 'ਤੇ ਮੌਜੂਦ ਜਾਣਕਾਰੀ ਨੂੰ ਐਕਸੈੱਸ ਕਰਨ ਬਾਰੇ ਸਮੱਸਿਆਵਾਂ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ (360) 236-4110 'ਤੇ ਕਾਲ ਕਰੋ ਜਾਂ wsboh@sboh.wa.gov 'ਤੇ ਈਮੇਲ ਕਰੋ ਅਤੇ ਆਪਣੇ ਸੁਨੇਹੇ ਵਿੱਚ ਨਿਮਨਲਿਖਤ ਜਾਣਕਾਰੀ ਪ੍ਰਦਾਨ ਕਰੋ:

- ਤੁਹਾਡੀਆਂ ਪਹੁੰਚਯੋਗਤਾ ਸੰਬੰਧੀ ਜ਼ਰੂਰਤਾਂ ਦੀ ਕਿਸਮ
- ਉਸ ਸਮੱਗਰੀ ਦਾ URL (ਵੈੱਬ ਐਡਰੈੱਸ) ਜਿਸ ਨੂੰ ਤੁਸੀਂ ਐਕਸੈੱਸ ਕਰਨਾ ਚਾਹੁੰਦੇ ਹੋ
- ਤੁਹਾਡੀ ਸੰਪਰਕ ਜਾਣਕਾਰੀ

ਅਸੀਂ ਤੁਹਾਨੂੰ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ ਅਤੇ ਆਪਣੀ ਵੈੱਬਸਾਈਟ 'ਤੇ ਨਿਯਮਾਂ ਦੀ ਪਾਲਣਾ ਸੰਬੰਧੀ ਸਮੱਸਿਆਵਾਂ ਨੂੰ ਠੀਕ ਕਰਾਂਗੇ।

### ਸਾਰੇ ADA ਕੋਆਰਡੀਨੇਟਰ ਨਾਲ ਸੰਪਰਕ ਕਰੋ

**ਕਮਿਊਨੀਕੇਸ਼ਨ ਮੈਨੇਜਰ**
Washington State Board of Health
(360) 236-4110
wsboh@sboh.wa.gov
TTY ਵਰਤੋਂਕਾਰ 711 ਡਾਇਲ ਕਰ ਸਕਦੇ ਹਨ

## ADA ਨਾਲ ਸੰਬੰਧਿਤ ਰੋਸ ਜਾਂ ਸ਼ਿਕਾਇਤ ਦਰਜ ਕਰੋ

ਵਿਤਕਰੇ ਦੇ ਇਲਜ਼ਾਮ ਬਾਰੇ ਸਵਾਲਾਂ ਅਤੇ ਸ਼ਿਕਾਇਤਾਂ ਨੂੰ ਸੰਭਾਲਣ ਲਈ ਹੇਠਾਂ ਦਿੱਤੇ ਦਫ਼ਤਰ ਨੂੰ ਨਿਯੁਕਤ ਕੀਤਾ ਗਿਆ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਵਾਸ਼ਿੰਗਟਨ ਸਟੇਟ ਬੋਰਡ ਆਫ਼ ਹੈਲਥ (ਬੋਰਡ) ਤੁਹਾਨੂੰ ਇਹ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ ਹੈ ਜਾਂ ਉਹਨਾਂ ਨੇ ਨਸਲ, ਰੰਗ, ਸੰਪਰਦਾਇ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ, ਉਮਰ, ਅਪਾਹਜਤਾ, ਲਿੰਗ, ਲਿੰਗ ਪ੍ਰਗਟਾਵੇ ਅਤੇ ਪਛਾਣ, ਜਿਨਸੀ ਝੁਕਾਅ, ਵਿਆਹੁਤਾ ਸਥਿਤੀ, ਪਰਿਵਾਰਕ ਸਥਿਤੀ, ਧਰਮ, ਸਨਮਾਨਤ ਤੌਰ 'ਤੇ ਸੇਵਾਮੁਕਤ ਸਾਬਕਾ ਫ਼ੌਜੀ ਜਾਂ ਫੌਜੀ ਸਟੇਟਸ, ਜਾਂ ਕਿਸੇ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਡੌਗ ਜਾਂ ਸਰਵਿਸ ਐਨੀਮਲ ਦੀ ਵਰਤੋਂ ਦੇ ਅਧਾਰ 'ਤੇ ਤੁਹਾਡੇ ਨਾਲ ਵਿਤਕਰਾ ਕੀਤਾ ਹੈ ਤਾਂ ਤੁਸੀਂ ਇਸ ਬਾਰੇ ਸ਼ਿਕਾਇਤ ਦਰਜ ਕਰ ਸਕਦੇ ਹੋ:

Washington State Department of Health
Office of Civil Rights, Equity and Social Justice
Attn: Title VI Coordinator
PO Box 47890 Olympia, WA 98504-47890
Civil.Rights@doh.wa.gov

ਤੁਸੀਂ ਵਿਤਕਰੇ ਦੇ ਮਾਮਲਿਆਂ ਬਾਰੇ ਸ਼ਿਕਾਇਤ ਵਿਅਕਤੀਗਤ ਤੌਰ 'ਤੇ ਜਾਂ ਚਿੱਠੀ, ਫੈਕਸ, ਜਾਂ ਈਮੇਲ ਰਾਹੀਂ ਦਰਜ ਕਰ ਸਕਦੇ ਹੋ।

ਤੁਸੀਂ U.S. Department of Health and Human Services, Office for Civil Rights (ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾ ਵਿਭਾਗ, ਨਾਗਰਿਕ ਅਧਿਕਾਰ ਦਫ਼ਤਰ) ਦੇ ਕੋਲ Office for Civil Rights ਸ਼ਿਕਾਇਤ ਪੋਰਟਲ ਉੱਤੇ ਇਲੈਕਟ੍ਰਾਨਿਕ ਤੌਰ 'ਤੇ ਨਾਗਰਿਕ ਅਧਿਕਾਰਾਂ ਬਾਰੇ ਸ਼ਿਕਾਇਤ ਦਰਜ ਕਰ ਸਕਦੇ ਹੋ, ਜੋ ਕਿ https://ocrportal.hhs.gov/ocr/portal/lobby.jsf (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹੈ, ਜਾਂ ਨਿਮਨਲਿਖਤ 'ਤੇ ਈਮੇਲ ਜਾਂ ਫ਼ੋਨ ਰਾਹੀਂ ਸ਼ਿਕਾਇਤ ਦਰਜ ਕਰ ਸਕਦੇ ਹੋ:

U.S. Department of Health and Human Services

200 Independence Avenue, SW

Room 509F, HHH Building

Washington, D.C. 20201

1-800-368-1019, 800-537-7697 (TDD) (ਭਾਸ਼ਾ ਸੰਬੰਧੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ)

ਸ਼ਿਕਾਇਤ ਫਾਰਮ http://www.hhs.gov/ocr/office/file/index.html (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹਨ।

ਸੰਬੰਧਿਤ ਲਿੰਕ:

ਪਰਦੇਦਾਰੀ ਨੀਤੀ (ਅੰਗਰੇਜ਼ੀ ਵਿੱਚ; ਸਪੈਨਿਸ਼ ਵਿੱਚ)

Americans with Disabilities Act (ADA, ਅਮਰੀਕੀ ਅਪੰਗਤਾ ਐਕਟ) ਅਧੀਨ ਨੋਟਿਸ (ਅੰਗਰੇਜ਼ੀ ਵਿੱਚ; ਸਪੈਨਿਸ਼ ਵਿੱਚ)